# ਸਾਹਿਤ ਅਤੇ ਕਲਾ ਦੇ ਉਦੇਸ਼ ਨੂੰ ਸਮਝਣ ਦੀ ਲੋੜ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਜ਼ਿੰਦਗੀ ਨੂੰ ਅਤੇ ਸੋਚ ਨੂੰ ਚੰਗੀ ਬਣਾਉਣ ਲਈ ਸਾਹਿਤ ਅਤੇ ਕਲਾ ਦੀ ਬੜੀ ਵੱਡੀ ਭੂਮਿਕਾ ਹੈ। ਉਹੀ ਸਮਾਜ ਸੰਵੇਦਨਸ਼ੀਲ ਕਿਹਾ ਜਾ ਸਕਦਾ ਹੈ ਜਿਸ ਵਿਚ ਸਾਹਿਤ ਅਤੇ ਕਲਾ ਇਹ ਭੂਮਿਕਾ ਨਿਭਾਉਂਦੇ ਹਨ। ਇਸ ਵੇਲੇ ਪੰਜਾਬ ਵਿਚ ਇਹ ਭੂਮਿਕਾ ਨਾਂਹ ਦੇ ਬਰਾਬਰ ਹੈ। ਪੰਜਾਬ ਦਾ ਬਹੁਤਾ ਸਮਾਜ ਵੱਖ ਵੱਖ ਸੋਚਾਂ ਦਾ ਧਾਰਨੀ ਬਣਦਾ ਜਾ ਰਿਹਾ ਹੈ, ਜਿਨ੍ਹਾਂ ਵਿਚ ਕੁਝ ਸੋਚਾਂ ਬਿਲਕੁਲ ਹੀ ਪਰੰਪਰਾਵਾਦੀ ਹਨ ਅਤੇ ਆਧੁਨਿਕ ਲੋੜਾਂ ਦੇ ਅਨੁਕੂਲ ਨਹੀਂ ਹਨ। ਇਹੀ ਸੋਚਾਂ ਪੰਜਾਬ ਦੇ ਸਮੁੱਚੇ ਵਰਤਾਰੇ ਉਤੇ ਅਸਰਅੰਦਾਜ਼ ਹਨ। ਪੰਜਾਬ ਦਾ ਭਵਿੱਖ ਦਾ ਨਕਸ਼ਾ ਕੀ ਬਣਦਾ ਹੈ, ਇਸ ਸੰਦਰਭ ਵਿਚ ਇਨ੍ਹਾਂ ਦਾ ਨੋਟਿਸ ਲੈਣਾ ਬਣਦਾ ਹੈ। ਸਾਹਿਤ ਅਤੇ ਕਲਾ ਨੇ ਆਪਣੇ ਮੁਹਾਵਰੇ ਵਿਚ ਇਸ ਸਾਰੇ ਵਰਤਾਰੇ ਵਿਚ ਦਖਲਅੰਦਾਜ਼ੀ ਕਰਨੀ ਹੈ।

ਖਪਤਕਾਰੀ ਆਰਥਿਕ ਵਰਤਾਰੇ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬੇਚੈਨ ਕੀਤਾ ਹੋਇਆ ਹੈ। ਬੇਚੈਨੀ, ਨਿਰਾਸਤਾ ਅਤੇ ਆਪਾਧਾਪੀ ਅੱਜ ਦੇ ਸਮਾਜ ਦੇ ਲੱਛਣ ਬਣਦੇ ਜਾ ਰਹੇ ਹਨ। ਇਨ੍ਹਾਂ ਤੋਂ ਨਿਜਾਤ ਦੇ ਉਪਰਾਲੇ ਹੀ ਸਮਾਜ ਨੂੰ ਵੱਖ ਵੱਖ ਦਿਸ਼ਾਵਾਂ ਵੱਲ ਲਿਜਾ ਰਹੇ ਹਨ। ਇਨ੍ਹਾਂ ਦਾ ਸਹੀ ਵਿਸ਼ਲੇਸ਼ਣ ਸਮੇਂ ਦੀ ਲੋੜ ਹੈ ਅਤੇ ਇਹ ਵਿਸ਼ਲੇਸ਼ਣ ਵੀ ਸਾਹਿਤ ਅਤੇ ਕਲਾ ਦੇ ਜ਼ਿੰਮੇ ਆਉਂਦਾ ਹੈ।

28 ਸਤੰਬਰ ਨੂੰ ਮੋਗਾ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਉਤੇ ਨੌਜਵਾਨਾਂ ਦਾ ਇਕ ਵੱਡਾ ਸਮਾਗਮ ਹੋਇਆ। ਇਹ ਸਮਾਗਮ ਸੀ.ਪੀ.ਆਈ. ਨਾਲ ਜੁੜੀਆਂ ਵਿਦਿਆਰਥੀਆਂ ਅਤੇ ਨੌਜਵਾਨਾਂ ਦੀਆਂ ਜਥੇਬੰਦੀਆਂ ਵਲੋਂ ਜਥੇਬੰਦ ਕੀਤਾ ਗਿਆ ਸੀ। 10-12 ਹਜ਼ਾਰ ਨੌਜਵਾਨ ਮੁੰਡੇ ਕੁੜੀਆਂ ਦਾ ਇਕੱਠ ਸੀ। ਇਹ ਇਕੱਠ ਉਨ੍ਹਾਂ ਦਾ ਇਕੱਠ ਸੀ ਜੋ ਇਸ ਸਾਰੇ ਸਿਸਟਮ ਤੋਂ ਬੇਚੈਨ ਹਨ। ਉਨ੍ਹਾਂ ਦੀ ਮੁੱਖ ਮੰਗ ਸੀ ਕਿ ਇਸ ਸਾਰੇ ਵਰਤਾਰੇ ਨੂੰ ਬਦਲ ਕੇ ਐਸਾ ਵਰਤਾਰਾ ਹੋਂਦ ਵਿਚ ਲਿਆਇਆ ਜਾਵੇ ਜਿਸ ਵਿਚ ਸਾਰਿਆਂ ਨੂੰ ਸਮਾਜਿਕ ਇਨਸਾਫ ਮਿਲੇ। ਜੇ ਰੁਜ਼ਗਾਰ ਨਹੀਂ ਤਾਂ 1600 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਮਿਲੇ। ਇਹ ਸੋਚਣੀ ਮੁੱਖ ਤੌਰ 'ਤੇ ਭਵਿੱਖ ਵਿਚ ਇਕ ਬਰਾਬਰੀ ਵਾਲੇ ਸਮਾਜ ਦੀ ਕਲਪਨਾ ਕਰਦੀ ਹੈ। ਇਹ ਆਧੁਨਿਕ ਯੁੱਗ ਦੀ ਲੋੜ ਹੈ। ਮਨੁੱਖ ਜਦੋਂ ਚੰਨ ਉਤੇ ਪੁੱਜ ਗਿਆ ਹੈ ਅਤੇ ਉਹਦੇ ਕੋਲ ਅਥਾਹ ਸ਼ਕਤੀ ਦੇ ਸਾਧਨ ਹਨ ਤਾਂ ਇਸ ਕਿਸਮ ਦੇ ਸਮਾਜ ਦੀ ਕਲਪਨਾ ਬਿਲਕੁਲ ਕੁਦਰਤੀ ਹੈ।

ਇਹ ਇਕੱਠ ਵੱਡਾ ਸੀ ਪਰ ਇਸ ਤੋਂ ਵਡੇਰੇ ਇਕੱਠ ਇਕ ਹੋਰ ਸੋਚਣੀ ਦੇ ਹੁੰਦੇ ਹਨ, ਜੋ ਇਸ ਸੋਚਣੀ ਦੇ ਉਲਟ ਹੈ। ਇਹ ਇਸ ਬੇਚੈਨੀ ਦਾ ਇਲਾਜ ਵਰਤਾਰੇ ਦੀ ਤਬਦੀਲੀ ਵਿਚ ਨਹੀਂ ਦੇਖਦੇ, ਸਗੋਂ ਸ਼ਾਂਤੀ ਦਾ ਸੁਨੇਹਾ ਦਿੰਦੇ ਹਨ। ਉਹ 'ਰੂਹਾਨੀ ਸਤਿਸੰਗ' ਹਨ। ਉਹ ਬੇਚੈਨੀ ਨੂੰ ਰੂਹਾਨੀ ਵਚਨ ਨਾਲ ਚੈਨ ਦੇਣਾ ਚਾਹੁੰਦੇ ਹਨ। ਕਿਸਾਨੀ ਉਤੇ ਹਮੇਸ਼ਾ ਕੋਈ ਨਾ ਕੋਈ ਕੁਦਰਤੀ ਕਰੋਪੀ ਆਈ ਹੀ ਰਹਿੰਦੀ ਹੈ। ਬੇਵਕਤੀ ਬਾਰਸ਼, ਟਿੱਢੀ ਦਲ ਦਾ ਹਮਲਾ, ਸੁੰਡੀ ਦੀ ਬੀਮਾਰੀ ਜਾਂ ਕੋਈ ਹੋਰ ਆਫਤ। ਇਸ ਡਰ ਅਤੇ ਸਹਿਮ ਕਰ ਕੇ ਜੋ ਬੇਚੈਨੀ ਅਤੇ ਨਿਰਾਸਤਾ ਹੈ ਇਹਦਾ ਕੋਈ ਹੋਰ ਰਾਹ ਨਾ ਦੇਖਦੇ ਹੋਏ ਇਹ ਰੂਹਾਨੀ ਸਤਿਸੰਗ ਉਨ੍ਹਾਂ ਨੂੰ ਆਰਜ਼ੀ ਰਾਹਤ ਦਿੰਦੇ ਹਨ। ਮਨੁੱਖ ਦੇ ਨਾਸ਼ਮਾਨ ਹੋਣ ਦਾ ਫਲਸਫਾ ਉਨ੍ਹਾਂ ਨੂੰ ਤਸੱਲੀ ਦਿੰਦਾ ਹੈ ਕਿ ਬੰਦਿਆ ਕਿਉਂ ਝੋਰਾ ਕਰਦਾ ਏਂ? ਇਹ ਮਾਇਆ ਤਾਂ ਆਣੀ-ਜਾਣੀ ਹੈ, ਕਿਹੜਾ ਕਿਸੇ ਨਾਲ ਲੈ ਕੇ ਜਾਣੀ ਹੈ? ਨਾ ਕੋਈ ਨਾਲ ਲਿਆਇਆ ਸੀ ਅਤੇ ਨਾ ਹੀ ਕਿਸੇ ਨੇ ਨਾਲ ਲੈ ਕੇ ਜਾਣੀ ਹੈ।

ਵਿਗਿਆਨਕ ਸੋਚ ਦੇ ਧਾਰਨੀਆਂ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਇਸ ਸੋਚਣੀ ਨਾਲ ਬੇਚੈਨ ਮਨ ਨੂੰ ਚੈਨ ਮਿਲਦਾ ਹੈ। ਭਾਵੇਂ ਇਹ ਮਜਬੂਰੀ ਵਸ ਹੈ ਪਰ ਇਹ ਸੱਚ ਹੈ। ਤੁਸੀਂ ਇਸ ਨੂੰ ਐਵੇਂ ਕਹਿ ਕੇ ਰੱਦ ਨਹੀਂ ਕਰ ਸਕਦੇ। ਬਾਬਿਆਂ ਦੇ, ਸੰਤਾਂ ਦੇ ਡੇਰੇ ਐਵੇਂ ਨਹੀਂ ਪਏ ਚਲਦੇ। ਲੋਕ ਉਨ੍ਹਾਂ ਕੋਲ ਤਾਂ ਹੀ ਜਾਂਦੇ ਹਨ ਜੇ ਉਨ੍ਹਾਂ ਨੂੰ ਇਨ੍ਹਾਂ ਡੇਰਿਆਂ ਤੋਂ ਕੁਝ ਮਿਲਦਾ ਹੈ। ਪੰਜਾਬ ਵਿਚ ਇਹ ਡੇਰੇ ਹੁਣ ਬੜੇ ਹੀ ਜਥੇਬੰਦਕ ਤਰੀਕੇ ਨਾਲ ਚਲ ਰਹੇ ਹਨ। ਪੰਜਾਬ ਨੂੰ ਆਧੁਨਿਕ ਸੋਚਣੀ ਦੇ ਅਨੁਸਾਰ ਦੇਖਣ ਵਾਲਿਆਂ ਵਾਸਤੇ ਇਹ ਡੇਰੇ ਬਹੁਤ ਵੱਡੀ ਚੁਣੌਤੀ ਹਨ। ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਇਹ ਫਿਕਰ ਹੋਣਾ ਚਾਹੀਦਾ ਹੈ।

ਇਕ ਹੋਰ ਸੋਚਣੀ ਧਾਰਮਿਕ ਅਕੀਦਿਆਂ ਦੀ ਸੋਚਣੀ ਹੈ। ਇਹ ਸੋਚਣੀ ਵੀ ਪੰਜਾਬ ਦੇ ਸਮਾਜਿਕ ਵਰਤਾਰੇ ਉਤੇ ਬੜੀ ਹਾਵੀ ਹੈ। ਸਿੱਖੀ ਸੋਚ ਦੇ ਧਾਰਨੀ ਜਦੋਂ ਅੰਮ੍ਰਿਤਧਾਰੀ ਹੁੰਦੇ ਹਨ ਤਾਂ ਉਹ ਗਾਤਰਾ ਕਿਰਪਾਨ ਪਾ ਕੇ ਆਪਣੇ ਉਤੇ ਇਹ ਅਨੁਸ਼ਾਸਨ ਲਾ ਦਿੰਦੇ ਹਨ। ਉਹ ਚੰਗਾ ਮਨੁੱਖ ਬਣਨ ਦੀ ਕੋਸ਼ਿਸ਼ ਕਰਦੇ ਹਨ। ਨਸ਼ਿਆਂ ਤੋਂ ਪ੍ਰਹੇਜ਼ ਕਰਦੇ ਹਨ। ਪਰ ਮਸਲਾ ਉਦੋਂ ਆਉਂਦਾ ਹੈ ਜਦੋਂ ਇਹ ਅੰਮ੍ਰਿਤਧਾਰੀ ਸਮਝਣ ਲਗ ਪੈਂਦੇ ਹਨ ਕਿ ਉਹ ਕਿਰਪਾਨ ਪਾ ਕੇ ਖਾਸ ਬੰਦੇ ਬਣ ਗਏ ਹਨ ਅਤੇ ਬਾਕੀ ਲੋਕ ਕੀੜੇ-ਮਕੌੜੇ ਹਨ। ਇਸ ਸੋਚ ਨੇ ਪੰਜਾਬ ਦਾ ਬੜਾ ਨੁਕਸਾਨ ਕੀਤਾ ਹੈ। ਧਰਮ ਬੰਦੇ ਨੂੰ ਨੇਕ ਬਣਾਉਂਦਾ ਹੈ ਪਰ ਧਾਰਮਿਕ ਵਰਤਾਰਾ ਬਹੁਤ ਵਾਰੀ ਸਮਾਜਿਕ ਨੁਕਸਾਨ ਕਰਦਾ ਹੈ। ਇਹਦੇ ਲਈ ਚੇਤਨ ਹੋਣਾ ਜ਼ਰੂਰੀ ਹੈ। ਇਸ ਵਿਚ ਵੀ ਸਾਹਿਤਕਾਰਾਂ ਅਤੇ ਕਲਾਕਾਰਾਂ ਨੇ ਆਪਣੀ ਭੂਮਿਕਾ ਨਿਭਾਉਣੀ ਹੈ।

ਇਸੇ ਤਰਾਂ ਇਕ ਹੋਰ ਸੋਚ ਪੰਜਾਬੀਆਂ ਦੀ ਸ਼ਾਵਨਵਾਦੀ ਸੋਚ ਹੈ। ਇਕ ਖਾਹਮਖਾਹ ਦੀ ਫੂਕ ਹੈ ਕਿ ਅਸੀਂ ਪੰਜਾਬੀ ਕੋਈ ਖਾਸ ਸ਼ੈਅ ਹਾਂ। ਅਸੀਂ ਸਾਰੇ ਦੇਸ਼ ਨੂੰ ਅੰਨ ਦਿੰਦੇ ਹਾਂ। ਦਿੰਦੇ ਹਾਂ ਤਾਂ ਬਹੁਤ ਕੁਝ ਲੈਂਦੇ ਵੀ ਹਾਂ। ਕੋਲਾ ਲੈਂਦੇ ਹਾਂ, ਲੋਹਾ ਲੈਂਦੇ ਹਾਂ। ਅਸੀਂ ਬਹਾਦਰ ਹਾਂ ਤਾਂ ਹੋਰ ਵੀ ਬਹਾਦਰ ਹਨ। ਸਾਡਾ ਬੰਦ ਬੰਦ ਕਟਾਉਣ ਦਾ ਇਤਿਹਾਸ ਹੈ, ਹੋਰਨਾਂ ਦਾ ਵੀ ਹੈ। ਮਾਣ ਹੋਣਾ ਚਾਹੀਦਾ ਹੈ ਪਰ ਇਹ ਮਾਣ ਲਕੀਰ ਟਪ ਕੇ ਅਭਿਮਾਨ ਨਹੀਂ ਬਣਨਾ ਚਾਹੀਦਾ। ਇਹ ਸਮਝ ਦੇਣੀ ਵੀ ਸਾਹਿਤਕਾਰਾਂ ਅਤੇ ਕਲਾਕਾਰਾਂ ਦੇ ਹਿੱਸੇ ਆਉਂਦੀ ਹੈ।

ਉਤਲੇ ਵਰਤਾਰਿਆਂ ਦਾ ਜ਼ਿਕਰ ਸਾਹਿਤ ਅਤੇ ਕਲਾ ਦੇ ਉਦੇਸ਼ਾਂ ਦੇ ਸੰਦਰਭ ਵਿਚ ਕੀਤਾ ਗਿਆ ਹੈ। ਸਾਹਿਤਕਾਰ ਅਤੇ ਕਲਾਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਸੀਮਤ ਜਿਹੀ ਦੁਨੀਆਂ ਤੋਂ ਬਾਹਰ ਆ ਕੇ ਸਮਾਜ ਦੇ ਪੂਰੇ ਵਰਤਾਰੇ ਵਿਚ ਆਪਣੀ ਭੂਮਿਕਾ ਨਿਭਾਉਣ। ਲੋਕਾਂ ਦੀ ਸੋਚ ਕਿਥੇ ਖੜ੍ਹੀ ਹੈ, ਉਸ ਅਨੁਸਾਰ ਗੱਲ ਕਰਨ। ਐਸੀ ਬਹਿਸ ਵਿਚ ਨਾ ਉਲਝੇ ਰਹਿਣ, ਜੀਹਦਾ ਲੋਕਾਂ ਨਾਲ ਕੋਈ ਸਬੰਧ ਨਹੀਂ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਵੱਡਾ ਨਿਸ਼ਾਨਾ ਹੋਣਾ ਚਾਹੀਦਾ ਹੈ ਕਿ ਲੋਕਾਂ ਨੂੰ ਸਾਹਿਤ ਨਾਲ ਜੋੜਿਆ ਜਾਵੇ। ਵੱਡੀਆਂ ਸਾਹਿਤਕ ਕਾਨਫਰੰਸਾਂ ਦਾ ਉਪਰਾਲਾ ਕੀਤਾ ਜਾਵੇ। ਸਾਹਿਤਕਾਰਾਂ ਦੀ ਲੋਕਾਂ ਵਿਚ ਪਹਿਚਾਣ ਕਰਵਾਈ ਜਾਵੇ। ਬਹੁਤ ਸਾਰੇ ਸਾਲ ਹਿੰਦੀ, ਪੰਜਾਬੀ ਦੇ ਚੱਕਰ ਵਿਚ ਲੰਘ ਗਏ। ਫੇਰ ਹੋਰ ਸਾਲ ਪੰਜਾਬੀ ਨੂੰ ਸਰਕਾਰੀ ਦਫਤਰਾਂ ਵਿਚ ਥਾਂ ਦਿਵਾਉਣ ਵਿਚ ਲੰਘ ਗਏ। ਹੁਣ ਸਾਰਾ ਜ਼ੋਰ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਪੜ੍ਹਾਉਣ ਦੇ ਵਿਰੁਧ ਲਗ ਰਿਹਾ ਹੈ। ਇਹ ਸਾਰੀਆਂ ਦੋਮ ਦਰਜੇ ਦੀਆਂ ਗੱਲਾਂ ਹਨ। ਅੱਵਲ ਲੋੜ ਹੈ ਕਿ ਪੰਜਾਬ ਦੇ ਸਾਧਾਰਨ ਲੋਕਾਂ ਨੂੰ ਸਾਹਿਤਕ ਸੰਵੇਦਨਸ਼ੀਲਤਾ ਦਿੱਤੀ ਜਾਵੇ। ਪੰਜਾਬ ਦਾ ਸਾਰਾ ਸਮਾਜ ਚੌਰਸਤੇ ਉਤੇ ਖੜ੍ਹਾ ਹੈ। ਸਹੀ ਰਸਤਾ ਦੱਸਣਾ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਫਰਜ਼ ਹੈ। ਸਿਆਸਤਦਾਨ ਆਪਣੀਆਂ ਕਾਨਫਰੰਸਾਂ ਕਰ ਸਕਦੇ ਹਨ। ਧਾਰਮਿਕ ਬੰਦੇ ਆਪਣੀਆਂ ਕਾਨਫਰੰਸਾਂ ਕਰ ਸਕਦੇ ਹਨ। ਬਾਬੇ ਆਪਣੇ ਦੀਵਾਨ ਅਤੇ ਸਤਿਸੰਗ ਲਾ ਸਕਦੇ ਹਨ ਤਾਂ ਸਾਹਿਤਕਾਰ ਅਤੇ ਕਲਾਕਾਰ ਆਪਣੀਆਂ ਕਾਨਫਰੰਸਾਂ ਕਿਉਂ ਨਹੀਂ ਕਰ ਸਕਦੇ? ਇਸ ਸਵਾਲ ਵੱਲ ਸੰਬੋਧਨ ਹੋਣਾ ਜ਼ਰੂਰੀ ਹੈ।